## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਜਿਲਾ ਸਿੱਖਿਆ ਅਫਸਰ (ਐ.ਸਿੱ), ਪੰਜਾਬ।
3. ਸਮੂਹ ਸਕੂਲ ਮੁੱਖੀ, ਪੰਜਾਬ।
4. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ।

ਮੀਮੋਨੰ: DySPD (PEDB)/2020/129929

ਮਿਤੀ: 05.06.2020

**ਵਿਸ਼ਾ: Teachers Transfer ਸਬੰਧੀ।**

**ਹਵਾਲਾ:**ਇਸ ਦਫਤਰ ਦੀ ਜਨਤਕ ਸੂਚਨਾ DySPD (PEDB)/2020/115482, ਮਿਤੀ: 18.05.2020 ਅਤੇ DySPD (PEDB)/2020/119219, ਮਿਤੀ: 24.05.2020

1.0 ਉਪਰੋਕਤ ਵਿਸ਼ਾ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਵੱਲੋਂ ਜਾਰੀ ਜਨਤਕ ਸੂਚਨਾ ਰਾਹੀਂ ਅਧਿਆਪਕਾਂ ਅਤੇ Punjab ICT Education Society (PICTES) ਤਹਿਤ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਅਤੇ Education Providers/ EGS/AIE/STR volunteers ਨੂੰ ਸਾਲ 2020 ਦੌਰਾਨ ਨਿਯਮਾਂ ਅਨੁਸਾਰ ਬਦਲੀ ਕਰਵਾਉਣ ਲਈ ਸਦਾ ਦਿੱਤਾ ਗਿਆ ਹੈ। ਬਹੁਤ ਸਾਰੇ ਅਧਿਆਪਕਾਂ ਤੋਂ ਬਦਲੀਆਂ ਸਬੰਧੀ ਪ੍ਰਸ਼ਨ ਇਸ ਦਫਤਰ ਨਾਲ ਸੰਪਰਕ ਕਰਕੇ ਪੁਛੇ ਜਾ ਰਹੇ ਹਨ।

2.0 ਅਧਿਆਪਕਾਂ ਵੱਲੋਂ ਪੁਛੇ ਜਾ ਰਹੇ ਪ੍ਰਸ਼ਨਾਂ ਦੇ ਸਪਸ਼ਟੀਕਰਨ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ | ਪ੍ਰਸ਼ਨ | ਵਿਸ਼ੇਸ਼ ਕਥਨ |
|---|---|---|
| | ਜੇਕਰ ਰਿਪੋਰਟਿੰਗ ਅਥਾਰਿਟੀ ਦੇ ਰਿਟਾਇਰ ਹੋਣ ਵਜੋਂ ਕਿਸੇ ਅਧਿਆਪਕ ਦੀ ਸਾਲ 2019-20 ਦੀ ਸਾਲਾਨਾ ਗੁਪਤ ਰਿਪੋਰਟ ਨਾ ਲਿਖੀ ਗਈ ਹੋਵੇ ਤਾਂ ਅਜਿਹੀ ਸਥਿਤੀ ਵਿੱਚ ਸਾਲਾਨਾ | ਰਿਪੋਰਟਿੰਗ ਅਥਾਰਿਟੀ ਦੇ ਰਿਟਾਇਰ ਹੋਣ ਵਜੋਂ ਸਲਾਨਾ ਗੁਪਤ ਰਿਪੋਰਟ ਨਾ ਲਿਖੇ ਜਾਣ ਦੀ ਸੂਰਤ ਵਿੱਚ ਬਦਲੀਆਂ ਦੇ ਮੰਤਵ ਲਈ ਅਗਲੀ ਹਾਇਰ ਅਥਾਰਿਟੀ/ ਰਿਵਿਊਇੰਗ ਅਥਾਰਟੀ ਵੱਲੋਂ ਸਾਲਾਨਾ ਗੁਪਤ ਰਿਪੋਰਟ ਅੰਕਿਤ ਕਰਵਾ ਲਈ ਜਾਵੇ ਅਤੇ ਉਸ ਵਿੱਚ ਦਰਜ ਅੰਕਾਂ ਨੂੰ ਭਰ ਲਿਆ ਜਾਵੇ। ਇਸ |

| | | |
|---|---|---|
| | ਗੁਪਤ ਰਿਪੋਰਟ ਦੇ ਅੰਕ ਕਿਸ ਤਰ੍ਹਾਂ ਭਰੇ ਜਾਣ? | ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ ਸੰਬੰਧਤ ਰਿਵਿਊਇੰਗ ਅਥਾਰਟੀਆਂ ਸੰਬੰਧਤ ਸਕੂਲ ਮੁਖੀ/ਪ੍ਰਿੰਸੀਪਲ ਨਾਲ ਆਪਣਾ ਈ ਮੇਲ ਆਈਡੀ ਸਾਂਝਾ ਕਰਨਗੀਆਂ। ਸਕੂਲ ਮੁਖੀ /ਪ੍ਰਿੰਸੀਪਲ ਇਹ ਈ ਮੇਲ ਆਈਡੀ ਸਮੂਹ ਅਧਿਆਪਕਾਂ ਨਾਲ ਸਾਂਝਾ ਕਰਨਗੇ ।<br>ਇਸ ਈ ਮੇਲ ਰਾਹੀਂ ਹੀ ਸਬੰਧਤ ਅਧਿਆਪਕ ਵੱਲੋਂ ਸਿੱਧੇ ਤੌਰ ਤੇ ਰਿਵਿਊਇੰਗ ਅਥਾਰਿਟੀ ਪਾਸ ਆਪਣੀ ਸਾਲਾਨਾ ਗੁਪਤ ਰਿਪੋਰਟ ਭੇਜੀ ਜਾਵੇਗੀ ਅਤੇ ਜਿਸ ਨੂੰ ਸੰਬੰਧਿਤ ਰਿਵਿਊਇੰਗ ਅਥਾਰਿਟੀ ਤੁਰੰਤ ਪੂਰਾ ਕਰਨ ਉਪਰੰਤ ਵਾਪਸ ਉਸ ਅਧਿਆਪਕ ਨੂੰ ਸਿੱਧੇ ਤੌਰ ਤੇ ਮੇਲ ਰਾਹੀਂ ਭੇਜੇਗੀ ।<br>ਜੇਕਰ ਰਿਵਿਊਇੰਗ ਅਥਾਰਿਟੀ ਨੂੰ ਗੁਪਤ ਰਿਪੋਰਟ ਲਿਖਣ ਲਈ ਸਕੂਲ ਤੋਂ ਕੋਈ ਡਾਟਾ ਲੋੜੀਂਦਾ ਹੋਵੇ ਤਾਂ ਮੌਜੂਦਾ ਸਕੂਲ ਮੁੱਖੀ ਨਾਲ ਰਾਬਤਾ ਕਾਇਮ ਕਰਕੇ ਪ੍ਰਾਪਤ ਕਰ ਸਕਦੇ ਹਨ |

3.0 ਸਮੂਹ ਅਧਿਆਪਕਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ।**